IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਗੁਰਮਤਿ ਸੰਗੀਤ ਦੀ ਉਤਪਤੀ ਅਤੇ ਵਿਕਾਸ

**Hardeep Kaur**

**ਭੂਮਿਕਾ:-**

ਹਿੰਦੋਸਤਾਨ ਦੀ ਧਰਤੀ ਗੁਰੂਆਂ, ਪੈਗੰਬਰਾਂ, ਪੀਰਾਂ ਅਤੇ ਫਕੀਰਾਂ ਦੀ ਧਰਤੀ ਹੈ। ਇਹਨਾਂ ਭਗਤਾਂ ਨੇ ਪ੍ਰਮਾਤਮਾ ਦੀ ਅਰਾਧਨਾ ਨੂੰ ਸਰਵਸ੍ਰੇਸ਼ਟ ਸਥਾਨ ਦਿੱਤਾ। ਪ੍ਰਮਾਤਮਾ ਦੀ ਅਰਾਧਨਾ ਦਾ ਮੁੱਖ ਸਰੋਤ ਗਾਇਨ ਹੀ ਹੈ ਜੋ ਸਿੱਧਾ ਦਿਲ ਦੀਆਂ ਗਹਿਰਾਈਆਂ ਵਿਚ ਵੱਸ ਜਾਂਦਾ ਹੈ। ਇਸ ਧਰਤੀ ਤੇ ਅਨੇਕਾਂ ਹੀ ਕਲਾਵਾਂ ਦਾ ਜਨਮ ਹੋਇਆ ਜਿੰਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ:- ਗਾਇਨ ਕਾਲ, ਨ੍ਰਿਤ ਕਲਾ, ਵਾਦਨ ਕਲਾ, ਚਿੱਤਰ ਕਲਾ ਅਤੇ ਨਾਟਕ ਕਲਾ ਸਨ। ਇਹਨਾਂ ਵਿੱਚੋਂ ਸਭ ਤੋਂ ਉਤਮ ਕਲਾ ਗਾਇਨ ਕਲਾ ਨੂੰ ਮੰਨਿਆਂ ਜਾਂਦਾ ਹੈ। ਇਹਨਾਂ ਸਾਰੀਆਂ ਕਲਾਵਾਂ ਨੇ ਸੁਮੇਲ ਨਾਲ 'ਸੰਗੀਤ' ਬਣਦਾ ਹੈ। ਗੁਰੂਆਂ ਅਤੇ ਪੀਰਾਂ – ਫਕੀਰਾਂ ਨੇ ਆਤਮਾ ਅਤੇ ਪ੍ਰਮਾਤਮਾ ਦੇ ਸੁਮੇਲ ਦਾ ਸਾਧਨ ਸੰਗੀਤ ਨੂੰ ਮੰਨਿਆ ਹੈ। ਸਿੱਖ ਧਰਮ ਵਿਚ ਵੀ ਸੰਗੀਤ ਦਾ ਮੁੱਖ ਸਥਾਨ ਹੈ। ਸਾਰੇ ਹੀ ਧਰਮਾਂ ਵਿਚ ਪ੍ਰਮਾਤਮਾ ਦੀ ਭਗਤੀ ਕਰਨ ਦਾ ਆਪਣਾ ਅਲੱਗ – ਅਲੱਗ ਢੰਗ ਹੈ। ਇੱਥੇ ਮੈਂ ਗੱਲ ਕਰਨ ਜਾ ਰਹੀ ਹਾਂ ; ਸਿੱਖ ਧਰਮ ਦੀ। ਸਿੱਖ ਧਰਮ ਦਾ ਜਨਮ ਸਿੱਖਾਂ ਦੇ ਪਹਿਲੇ ਗੁਰੂ , ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਹੋਇਆ। ਸਿੱਖ ਧਰਮ ਵਿਚ ਪ੍ਰਮਾਤਮਾ ਦੀ ਉਪਾਸਨਾ, ਅਰਾਧਨਾ, ਭਗਤੀ ਕਰਨ ਦੀ ਕਿਰਿਆ ਭਾਵ ਗਾਇਨ ਕਰਨ ਦੀ ਕਿਰਿਆ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ।

**ਗੁਰਮਤਿ ਸੰਗੀਤ:-** ਗੁਰੂਆਂ ਦੇ ਮੁੱਖ ਤੋਂ ਉਚਾਰਣ ਹੋਈ ਬਾਣੀ ਨੂੰ 'ਗੁਰਬਾਣੀ' ਕਿਹਾ ਜਾਂਦਾ ਹੈ। ਜਦੋਂ ਇਸ ਬਾਣੀ ਨੂੰ ਰਾਗਾਂ ਅਤੇ ਤਾਲਾਂ ਵਿਚ ਬੰਨ੍ਹ ਕੇ ਜਾਂ ਪਰੋ ਕੇ ਗਾਇਆ ਜਾਂਦਾ ਹੈ ਤਾਂ ਉਸ ਨੂੰ 'ਗੁਰਮਿਤ ਸੰਗੀਤ' ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਗੁਰਮਤਿ ਸੰਗੀਤ ਪਰੰਪਰਾ ਦੀ ਸਿਰਜਨਾਂ 'ਸ਼ਬਦ' ਅਤੇ 'ਸੰਗੀਤ' ਦੇ ਸੰਯੋਗ ਨਾਲ ਹੋਈ ਹੈ। ਗੁਰਮਤਿ ਸੰਗੀਤ 'ਸ਼ਬਦ' ਪ੍ਰਧਾਨ ਹੈ। ਇਸ ਦਾ ਮੂਲ ਵਿਸ਼ਾ ਬਾਣੀ ਹੈ। ਇਸ ਵਿਚ ਰਾਗ ਅਤੇ ਤਾਲ ਸਹਾਇਕ ਤੱਥ ਹਨ। ਗੁਰਮਤਿ ਸੰਗੀਤ ਦੀ ਕੇਂਦਰਿਤ ਇਕਾਈ 'ਸ਼ਬਦ' ਹੈ।

ਗੁਰਮਤਿ ਸੰਗੀਤ ਪਰੰਪਰਾ ਦੀ ਵਿਹਾਰਿਕ ਸਥਾਪਤੀ ਲਈ ਵੱਖ – ਵੱਖ ਗੁਰੂ ਸਾਹਿਬਾਨਾਂ ਦੇ ਸਮੇਂ ਕੀਰਤਨ ਦੇ ਕਈ ਸਥਾਨ ਹੋਂਦ ਵਿਚ ਆਏ। ਗੁਰਮਤਿ ਸੰਗੀਤ ਨੂੰ ਸਮੇਂ – ਸਮੇਂ ਅਨੁਸਾਰ ਅਤੇ ਮਰਿਆਦਾ ਵਿਚ ਗਾਉਣ ਨੂੰ ਕੀਰਤਨ ਕਿਹਾ ਜਾਂਦਾ ਹੈ। ਸਿੱਖ ਧਰਮ ਦੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਜਪੁ ਜੀ' ਸਾਹਿਬ ਜੀ ਦੀ ਬਾਣੀ ਨੂੰ ਛੱਡ ਕੇ ਬਾਕੀ ਸਾਰੀਆਂ ਬਾਣੀਆਂ ਦੀ ਰਚਨਾ (ਮੂਲ ਰੂਪ ਤੋਂ 31) ਰਾਗਾਂ ਤੇ ਆਧਾਰਿਤ ਹੈ। ਸਿੱਖ ਧਰਮ ਵਿਚ ਹਰਿ ਦੇ ਜਸ ਗਾਉਣ ਨਾਲ ਸੰਬੰਧ ਰੱਖਣ ਵਾਲੇ ਭਗਤਾਂ ਅਤੇ ਸੂਫੀਆਂ-ਫਕੀਰਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਵਿਚ ਕੀਰਤਨ ਕਰਨ ਦੀ ਕਿਰਿਆ ਨੂੰ ਚਾਰ ਚੌਕੀਆਂ ਵਿਚ ਵੰਡ ਦਿੱਤਾ ਜੋ ਇਸ ਪ੍ਰਕਾਰ ਹਨ:-

- ਆਸਾ ਦੀ ਵਾਰ ਦੀ ਚੌਕੀ
- ਬਿਲਾਵਲ ਦੀ ਚੌਕੀ
- ਸੋਦਰ ਦੀ ਚੌਕੀ
- ਕੀਰਤਨ ਸੋਹਿਲਾ ਦੀ ਚੌਕੀ

ਇਸ ਪ੍ਰਥਾ ਅਨੁਸਾਰ ਕੀਰਤਨ ਗਾਇਨ ਦੀ ਪਰੰਪਰਾ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਹੁਣ ਤੱਕ ਗੁਰੂ ਘਰਾਂ ਵਿਚ ਚੱਲ ਰਹੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨਾਂ ਦੀ ਬਾਣੀ ਤੋਂ ਇਲਾਵਾ ਬਹੁਤ ਸਾਰੇ ਸੰਤਾਂ, ਭਗਤਾਂ ਦੀ ਬਾਣੀ ਦਰਜ ਹੈ। ਜਿੰਨ੍ਹਾ ਦੇ ਨਾਮ ਇਸ ਤਰ੍ਹਾਂ ਹਨ:- ਰਵੀਦਾਸ ਜੀ, ਨਾਮਦੇਵ ਜੀ, ਬਾਬਾ ਸ਼ੇਖ ਫਰੀਦ ਜੀ ਅਤੇ ਕਬੀਰ ਜੀ ਆਦਿ।

**ਗੁਰਮਤਿ ਸੰਗੀਤ ਵਿਚ ਸਿੱਖ ਗੁਰੂ ਸਾਹਿਬਾਨਾ ਦਾ ਯੋਗਦਾਨ**

- **ਸ੍ਰੀ ਗੁਰੂ ਨਾਨਕ ਦੇਵ ਜੀ:-** ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰਮਤਿ ਸੰਗੀਤ ਦੀ ਉਤਪੱਤੀ ਹੋਈ । ਗੁਰੂ ਜੀ ਨੇ ਗਾਇਨ ਕਿਰਿਆ ਦੁਆਰਾ ਭਗਤੀ ਕਰਨ ਨੂੰ ਪਹਿਲ ਦਿੱਤੀ। ਆਪ ਜੀ ਦੇ ਦੋ ਸਾਥੀ ਭਾਈ ਮਰਦਾਨਾ ਜੀ ਅਤੇ ਭਾਈ ਬਾਲਾ ਜੀ ਹਮੇਸ਼ਾ ਹੀ ਤੁਹਾਡੇ ਨਾਲ ਰਹਿੰਦੇ ਸਨ। ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ, ਰਾਗ ਗਾਉੜੀ, ਗਾਉੜੀ ਪੂਰਵੀ, ਗਾਉੜੀ ਦੀਪਕੀ, ਗਾਉੜੀ ਗੁਆਰੇਰੀ, ਗਾਉੜੀ ਬੈਰਾਗਣ, ਸੂਹੀ, ਤਿਲੰਗ, ਕਾਫੀ, ਤੁਖਾਰੀ, ਮਾਝ ਆਦਿ ਰਾਗਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਦੀ ਰਚਨਾ ਕੀਤੀ। ਇਸ ਤਰ੍ਹਾਂ ਗੁਰੂ ਜੀ ਨੇ 37 ਰਾਗਾਂ ਵਿਚ 976 ਪਦ (ਸ਼ਬਦਾਂ) ਵਿਚ ਗੁਰਬਾਣੀ ਦੀ ਰਚਨਾ ਕੀਤੀ।

- **ਸ੍ਰੀ ਗੁਰੂ ਅੰਗਦ ਦੇਵ ਜੀ:-** ਆਪ ਜੀ ਸਿੱਖਾਂ ਦੇ ਦੂਸਰੇ ਗੁਰੂ ਸਨ। ਆਪ ਜੀ ਨੇ 62 ਸ਼ਲੋਕਾਂ ਵਿਚ ਬਾਣੀ ਦੀ ਰਚਨਾ ਕੀਤੀ, ਜੋ ਗੁਰੂ ਗ੍ਰੰਥ ਸਾਹਿਬ ਵਿਚ 10 ਵਾਰਾਂ ਵਿਚ ਅੰਤਰਗਤ ਹੈ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਪ੍ਰਥਾ ਨੂੰ ਅੱਗੇ ਤੋਰਦਿਆਂ ਹੋਇਆ ਕਈ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਇਹ ਰਾਗ ਹਨ:- ਰਾਗ ਸ੍ਰੀ, ਰਾਗ ਮਾਝ, ਰਾਗ ਸੋਰਠ, ਰਾਗ ਸੂਹੀ, ਰਾਗ ਰਾਮਕਲੀ, ਰਾਗ ਮਾਰੂ, ਰਾਗ ਸਾਰੰਗ, ਰਾਗ ਮਲਹਾਰ। ਆਪ ਜੀ ਨੇ ਆਪਣੀ ਰਚਨਾ ਵਿਚ ਵੀ ਨਾਨਕ ਨਾਮ ਹੀ ਪ੍ਰਯੋਗ ਵਿਚ ਲਿਆਂਦਾ । ਆਪ ਜੀ ਨਾਲ ਬਲਵੰਡ ਰਬਾਬੀ ਨੇ ਕੀਰਤਨ ਵਿਚ ਸਹਿਯੋਗ ਦਿੱਤਾ ਅਤੇ ਭਾਈ ਮਰਦਾਨਾ ਜੀ ਦੇ ਸਪੁੱਤਰ ਸਾਹਜ਼ਾਦ ਨੇ ਵੀ ਰਬਾਬ ਦੀ ਸੇਵਾ ਨਿਭਾਈ। ਗੁਰੂ ਅੰਗਦ ਦੇਵ ਜੀ ਨੇ 9 ਰਾਗਾਂ ਵਿਚ 63 ਸ਼ਬਦਾਂ ਦੀ ਰਚਨਾ ਕੀਤੀ।

- **ਸ੍ਰੀ ਗੁਰੂ ਅਮਰਦਾਸ ਜੀ:-** ਸਿੱਖਾਂ ਦੇ ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ 283 ਰਚਨਾਵਾਂ ਦੀ ਰਚਨਾ ਕੀਤੀ । ਜਿਸ ਵਿਚ ਛੰਦ, ਸੋਹੀਲੇ ਅਤੇ ਵਾਰਾਂ ਦਾ ਕੀਰਤਨ ਸ਼ਾਮਿਲ ਹੈ। ਰਾਗ ਰਾਮਕਲੀ ਵਿਚ ਅਨੰਦ ਸਾਹਿਬ ਦੀ ਗਾਇਨ ਵਿਧੀ ਨੂੰ ਆਪਜੀ ਨੇ ਸ਼ੁਰੂ ਕੀਤਾ। ਆਪ ਜੀ ਨੇ ਸਾਰੰਦਾ ਵਾਦਯ ਦਾ ਆਵਿਸ਼ਕਾਰ ਕੀਤਾ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਯੋਗ 18 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ। ਇਹ ਰਾਗ ਇਸ ਤਰ੍ਹਾਂ ਹਨ:- ਰਾਗ ਸ੍ਰੀ, ਮਾਝ, ਗਾਉੜੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਵ, ਬਸੰਤ, ਸਾਰੰਗ, ਸਲਹਾਰ ਅਤੇ ਰਾਗ ਪ੍ਰਭਾਤੀ।

- **ਸ੍ਰੀ ਗੁਰੂ ਰਾਮਦਾਸ ਜੀ:-** ਆਪ ਜੀ ਸਿੱਖਾਂ ਦੇ ਚੌਥੇ ਗੁਰੂ ਸਨ। ਗੁਰੂ ਜੀ ਨੇ ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦਾ ਸੁਮੇਲ ਕੀਤਾ । ਆਪ ਜੀ ਦੇ ਛੰਦ, ਆਸਾ ਦੀ ਵਾਰ ਵਿਚ ਗਾਏ ਜਾਂਦੇ ਹਨ। ਗੁਰੂ ਜੀ ਨੇ ਪਹਿਲੀ ਵਾਰ ਸ਼ਾਸਤਰੀ ਗਾਇਨ ਸ਼ੈਲੀ ਵਿਚ 'ਪੜਤਾਲ' ਦਾ ਪ੍ਰਯੋਗ ਕਰਕੇ 7 ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ। ਜਿਸ ਵਿਚ ਨਟ ਨਰਾਇਨ ਸਾਰੰਗ, ਮਲਹਾਰ, ਕਾਨੜਾ ਵਿਚ ਰਚੀਆਂ ਗਈਆਂ। ਗੁਰੂ ਜੀ ਦੁਆਰਾ ਪੜਤਾਲਾਂ ਦਾ ਕਵਿ ਰੂਪ ਨਵਾਂ ਅਤੇ ਅਕਰਸ਼ਿਤ ਸੀ। ਪੜਤਾਲ ਸ਼ੈਲੀ ਵਿਚ ਗਾਇਨ ਨਿਰਧਾਰਿਤ ਨਿਯਮਾਂ ਦੁਆਰਾ ਕੀਤਾ ਜਾਂਦਾ ਹੈ। ਗਾਇਨ ਕਰਦੇ ਸਮੇਂ ਇਕ ਅੰਤਰੇ ਨੂੰ ਪੰਜ ਅਲੱਗ – ਅਲੱਗ ਤਾਲਾਂ ਵਿਚ ਗਾਇਆ ਜਾਂਦਾ ਹੈ। ਸਥਾਈ ਨੂੰ ਗਾਇਨ ਕਰਦੇ ਸਮੇਂ ਇਕ ਹੀ ਤਾਲ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗੁਰੂ ਜੀ ਨੇ ਜਿਨ੍ਹਾਂ ਰਾਗਾਂ ਦਾ ਪ੍ਰਯੋਗ ਕਰਕੇ ਬਾਣੀ ਦੀ ਰਚਨਾ ਕੀਤੀ ਸੀ। ਉਹ ਇਸ ਪ੍ਰਕਾਰ ਹਨ:- 1. ਰਾਗ ਸ੍ਰੀ, 2. ਮਾਂਝ. 3. ਗਾਉੜੀ, 4.ਆਸਾ, 5. ਗੁਜਰੀ, 6. ਬਿਹਾਗੜਾ, 7. ਵਡਹੰਸ, 8. ਸੋਰਠ 9. ਦੇਵਗੰਧਾਰ, 10. ਧਨਾਸਰੀ, 11. ਜੈਤਸ੍ਰੀ, 12. ਤੌੜੀ, 13. ਬੈਰਾਗੀ, 14 ਸੂਹੀ 15. ਬਿਲਾਵਲ 16. ਗੌਂੜ, 17. ਰਾਮਕਲੀ, 18. ਨਟ ਨਰਾਇਨ 19. ਮਾਲੀ ਗਾਉੜੀ, 20. ਮਾਰੂ, 21. ਤੁਖਾਰੀ, 22. ਕੇਦਾਰ, 23, ਭੈਰਵ, 24. ਕਲਿਆਣ, 25. ਸਾਰੰਗ, 26. ਮਲਹਾਰ, 27. ਕਾਨੜਾ, 28. ਕਲਿਆਨ, 29. ਭੂਪਾਲੀ, 30. ਪ੍ਰਭਾਤੀ, 31. ਪ੍ਰਭਾਤੀ ਵਿਭਾਸ਼ ।

  ਗੁਰੂ ਜੀ ਨੇ ਗੁਰਮਤਿ ਸੰਗੀਤ ਦਾ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਜੀ, ਅੰਮ੍ਰਿਤਸਰ ਸਾਹਿਬ ਵਿਖੇ ਬਣਾਇਆ ਅਤੇ ਕੀਰਤਨ ਦਾ ਵਿਕਾਸ ਕੀਤਾ।

- **ਸ੍ਰੀ ਗੁਰੂ ਅਰਜਨ ਦੇਵ ਜੀ:-** ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਇਹਨਾਂ ਨੇ ਵੀ ਗੁਰਮਤਿ ਸੰਗੀਤ ਦੀ ਮਰਿਆਦਾ ਨੂੰ ਉਵੇਂ ਹੀ ਕਾਇਮ ਰੱਖਿਆ ਜਿਵੇਂ ਪਹਿਲੇ ਗੁਰੂ ਸਾਹਿਬਾਨਾਂ ਨੇ ਰੱਖਿਆ ਸੀ। ਗੁਰੂ ਜੀ ਆਪ ਵੀ ਕੀਰਤਨ ਕਰਦੇ ਸੀ। ਆਸਾਂ ਦੀ ਵਾਰ ਦਾ ਸਪੂਰਨ ਗਾਇਨ ਆਪ ਜੀ ਨੇ ਸਮੇਂ ਹੀ ਅਰੰਭ ਹੋਇਆ ਸੀ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਦੀ ਪਾਉੜੀ ਅਤੇ ਸਲੌਕ ਗੁਰੂ ਅੰਗਦ ਦੇਵ ਜੀ ਦੇ ਸਲੋਕ ਅਤੇ ਗੁਰੂ ਰਾਮਦਾਸ ਜੀ ਦੇ ਛੰਦਾਂ ਦਾ ਗਾਇਨ ਕਰਦੇ ਸਨ। ਇਸ ਤਰ੍ਹਾਂ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਹੋਣਾ ਆਰੰਭ ਹੋਇਆ। ਆਪ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਜਿਸ ਵਿਚ ਸਭ ਨੂੰ ਬਰਾਬਰ ਦਾ ਸਨਮਾਨ ਦਿੱਤਾ ਗਿਆ। ਗੁਰੂਆਂ ਦੀ ਬਾਣੀ ਤੋਂ ਇਲਾਵਾ ਭਗਤਾ, ਸੰਤਾ ਅਤੇ ਫਕੀਰਾਂ ਦੀ ਬਾਣੀ ਨੂੰ ਵੀ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਗਿਆ। ਗੁਰੂ ਜੀ ਨੇ ਕੁੱਲ 44 ਰਾਗਾਂ ਵਿਚ ਗੁਰਬਾਣੀ ਦੀ ਰਚਨਾ ਕੀਤੀ ਜੋ ਇਸ ਪ੍ਰਕਾਰ ਹਨ:- ਰਾਗ ਸ੍ਰੀ, ਮਾਝ, ਗਾਉੜੀ, ਗਾਉੜੀ ਪੂਰਬੀ, ਆਸਾ, ਗੁਜਰੀ, ਬਿਹਾਗੜਾ, ਵਡਹੰਸ, ਸੋਰਠ, ਦੇਵਗੰਧਾਰੀ, ਧਨਾਸਰੀ, ਜੈਤਸ੍ਰੀ, ਤੋੜੀ, ਬੈਰਾਗੀ, ਤਿਲੰਗ, ਸੂਹੀ, ਬਿਲਾਵਲ, ਗੋੜੀ, ਰਾਮਕਲੀ, ਨਟ ਨਰਾਇਨ, ਮਾਲੀ

ਗੋੜੀ, ਮਾਰੂ-ਤੁਖਾਰੀ, ਕੇਦਾਰ, ਭੈਰਵ, ਬਸੰਤ, ਸਾਰੰਗ, ਮਲਹਾਰ, ਕਾਨੜਾ, ਕਲਿਆਣ, ਪ੍ਰਭਾਤੀ, ਗਾਉੜੀ ਗੁਰੇਰੀ, ਗਾਉੜੀ- ਬੈਰਾਗਣ, ਗਾਉੜੀ ਮਲਵਾ, ਗਾਉੜੀ ਮਾਲਾ, ਆਸਾ, ਕਾਫੀ, ਆਸਾਵਰੀ।

ਆਪ ਜੀ ਨੇ 30 ਰਾਗਾਂ ਵਿਚ 2021 ਰਚਨਾਵਾਂ ਬਣਾਈਆਂ । ਜਿਸ ਵਿਚੋਂ 1469 ਰਾਗ ਸੰਗੀਤ ਸ਼ਾਸਤਰ ਤੇ ਅਧਾਰਿਤ ਹਨ ਅਤੇ ਬਾਕੀ ਲੋਕ – ਸੰਗੀਤ ਤੇ ਅਧਾਰਿਤ ਹਨ। ਗੁਰੂ ਜੀ ਨੇ 36 ਪੜਤਾਲਾਂ ਦੀ ਰਚਨਾ ਕੀਤੀ। ਆਪ ਜੀ ਦੇ ਸਮੇਂ ਗੁਰਮਤਿ ਸੰਗੀਤ ਦਾ ਬਹੁਤ ਵਿਕਾਸ ਹੋਇਆ।

- **ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ:-** ਆਪ ਜੀ ਸਿੱਖਾਂ ਦੇ ਛੇਵੇਂ ਗੁਰੂ ਸਨ। ਆਪ ਜੀ ਨੇ ਆਪਣੀ ਬਾਣੀ ਦੀ ਰਚਨਾਂ ਨਹੀਂ ਕੀਤੀ। ਪਰ ਕੀਰਤਨ ਮਰਿਆਦਾ ਨੂੰ ਕਾਇਮ ਰੱਖਿਆ ਅਤੇ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ। ਆਪ ਜੀ ਸਮੇਂ ਵਾਰ ਗਾਇਨ ਆਰੰਭ ਹੋਇਆ। ਉਸ ਸਮੇਂ ਤੋਂ ਭਾਈ ਨੱਥਾ ਅਤੇ ਅਬਦੁੱਲਾ ਪ੍ਰਸਿੱਧ ਢਾਡੀਆਂ ਨੇ ਵਾਰ ਗਾਇਨ ਅਤੇ ਕੀਰਤਨ ਦੀ ਪ੍ਰਥਾ ਜਾਰੀ ਰੱਖੀ ।

- **ਗੁਰੂ ਤੇਗ ਬਹਾਦਰ ਸਾਹਿਬ ਜੀ:-** ਆਪਜੀ ਨੇ 118 ਸ਼ਬਦਾਂ ਦੀ ਰਚਨਾ 17 ਰਾਗਾਂ ਵਿਚ ਕੀਤੀ। ਆਪ ਜੀ ਨੇ ਜੈ-ਜੈਵੰਤੀ ਰਾਗ ਦੀ ਰਚਨਾ ਕਰਕੇ ਗੁਰਮਤਿ ਸੰਗੀਤ ਵਿਚ ਸ਼ਾਮਿਲ ਕੀਤਾ। ਇਸ ਤੋਂ ਇਲਾਵਾ ਕੁਝ ਰਾਗ ਇਸ ਪ੍ਰਕਾਰ ਹਨ:- ਰਾਗ ਗਾਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠ, ਜੈ-ਜੈਵੰਤੀ, ਧਨਾਸਰੀ, ਜੈਤਸਰੀ, ਤੌੜੀ, ਮਾਰੂ ਆਦਿ।

- **ਗੁਰੂ ਗੋਬਿੰਦ ਸਿੰਘ ਜੀ:-** ਆਪ ਜੀ ਸਿੱਖਾ ਦੇ ਦਸਵੇਂ ਗੁਰੂ ਸਨ। ਆਪ ਜੀ 1675 ਈ. ਵਿਚ ਗੁਰੂ ਗੱਦੀ ਤੇ ਬੈਠੇ ਅਤੇ ਸਿੱਖ ਪੰਥ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਦਸਮ ਗ੍ਰੰਥ' ਦੀ ਰਚਨਾ ਕੀਤੀ। ਭਾਈ ਮਨੀ ਸਿੰਘ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਅਤੇ 51 ਕਵੀਆਂ ਦੀ ਬਾਣੀ ਨੂੰ ਦਰਜ ਕਰਾਇਆ। ਸਰਬ ਲੋਹ ਗ੍ਰੰਥ ਸਾਹਿਬ ਵਿਚ 150 ਰਾਗਾਂ ਵਿਚ ਗੁਰਮਤਿ ਸੰਗੀਤ ਦੀ ਰਚਨਾ ਕੀਤੀ ਗਈ ਹੈ।

ਗੁਰੂ ਜੀ ਦੀਆਂ ਰਚਨਾਵਾਂ ਦਸਮ ਗ੍ਰੰਥ ਸਾਹਿਬ ਵਿਚ ਦਰਜ ਸੰਗੀਤ ਕਲਾ ਅਤੇ ਸੰਗੀਤ ਛੰਦ ਦਾ ਉਤਮ ਨਮੂਮਾ ਹੈ। ਦਸਮ ਗ੍ਰੰਥ ਸਾਹਿਬ ਵਿਚ ਢੋਲ, ਮਰਦੰਗ, ਨਗਾਰੇ, ਸ਼ੰਖ, ਧੁਨੀ ਰਾਗ ਤੰਤੀ ਤਾਲ, ਗੀਤ, ਰੋਲੀ ਆਦਿ ਸੰਗੀਤਕ ਸ਼ਬਦਾਵਾਲੀਆਂ ਦਰਜ ਹਨ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਵੀ ਗੁਰਮਤਿ ਸੰਗੀਤ ਦੀ ਪ੍ਰਥਾ ਚਾਲੂ ਰਹੀ। ਜਿਸ ਵਿਚ ਦੀਵਾਨ ਲਗਾਏ ਜਾਂਦੇ ਸਨ ਅਤੇ ਗਾਇਨ ਸ਼ੈਲੀਆਂ ਦੁਆਰਾ ਕੀਰਤਨ ਕੀਤਾ ਜਾਂਦਾ ਸੀ। ਇਸ ਅਨੁਸਾਰ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਹੁੰਦਾ ਸੀ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਦੀ ਰਚਨਾ ਕਰਕੇ ਗੁਰਮਤਿ ਸੰਗੀਤ ਵਿਚ ਵਾਧਾ ਕੀਤਾ। ਆਪਜੀ ਨੇ ਰਾਗ ਰਾਮਕਲੀ, ਸੋਰਠ, ਕਲਿਆਣ, ਬਿਲਾਵਲ, ਤਿਲੱਗ, ਦੇਵਗੰਧਾਰੀ ਆਦਿ ਰਾਗਾਂ ਵਿਚ ਗੁਰਮਤਿ ਸੰਗੀਤ ਦੀ ਰਚਨਾ ਕੀਤੀ। ਗੁਰੂ ਜੀ ਸਮੇਂ ਢਾਡੀ ਦੀ ਵਾਰ ਦਾ ਕੀਰਤਨ ਬਹੁਤ ਪ੍ਰਚਲਿਤ ਸੀ। ਕੀਰਤਨ ਕਰਦੇ ਸਮੇਂ ਤਾਨਪੁਰਾ, ਤਾਊਸ , ਤਬਲਾ, ਪਖਾਵਜ, ਮਰਦੰਗ ਅਤੇ ਰਬਾਬ ਆਤਿ ਵਾਦਯ ਦਾ ਪ੍ਰਯੋਗ ਕੀਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਿਆਲ ਗਾਇਨ ਸ਼ੈਲੀ ਵਿਚ ਕਈ ਸ਼ਬਦਾਂ ਦੀ ਰਚਨਾ ਕੀਤੀ । ਇਸ ਤਰ੍ਹਾਂ ਗੁਰਮਤਿ ਸੰਗੀਤ ਵਿਚ ਖਿਆਲ ਗਾਇਨ ਸ਼ੈਲੀ ਦੀ ਉਤਪਤੀ ਆਪ ਜੀ ਦੀ ਦੇਣ ਹੈ।

**ਸਾਰ:-**

ਗੁਰਮਤਿ ਸੰਗੀਤ ਦੀ ਉਤਪਤੀ ਨਾਲ ਸ਼ਾਸਤਰੀ ਸੰਗੀਤ ਵਿਚ ਵਾਧਾ ਹੋਇਆ । ਇਸ ਨਾਲ ਰਾਗ ਅਤੇ ਵਾਦਨ ਕਿਰਿਆ ਵਿਚ ਵੀ ਵਾਧਾ ਹੋਇਆ। ਗੁਰੂ ਸਾਹਿਬਾਨਾ ਨੇ ਹੋਰ ਭਗਤਾਂ, ਕਵੀਆਂ, ਫਕੀਰਾਂ ਅਤੇ ਪੀਰਾਂ ਦੀ ਬਾਣੀ ਨੂੰ ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਸਭ ਨੂੰ ਬਰਾਬਰ ਦਾ ਅਧਿਕਾਰ ਦਿੱਤਾ। ਇਸ ਤਰ੍ਹਾਂ ਸਾਰੇ ਧਰਮਾ ਦੇ ਭੇਦ ਖਤਮ ਕੀਤੇ। ਸੋ ਗੁਰਮਤਿ ਸੰਗੀਤ ਸਾਂਝੀ ਮਨੁੱਖਤਾ ਦਾ ਪ੍ਰਤੀਕ ਹੈ।

**ਸੰਧਰਵ ਗ੍ਰੰਥ ਸੂਚੀ Bibliography**


1. ਸਿੰਘ, ਅਲੰਕਾਰ "ਗੁਰਮਤਿ ਸੰਗੀਤ ਅਚਾਰੀਆ 'ਪ੍ਰੋਫੈਸਰ ਤਾਰਾ ਸਿੰਘ ਦਾ ਸੰਗੀਤ ਵਿਚ ਯੋਗਦਾਨ' ਵਿਸ਼ਲੇਸ਼ਣਾਤਮਕ ਅਧਿਐਨ" ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੀ. ਐਚ. ਡੀ.) 2012
2. ਸਿੰਘ, ਜਤਿੰਦਰ, "ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਪੰਜਾਬ ਦੇ ਪ੍ਰਸਿੱਧ ਕੀਰਤਨਕਾਰਾਂ ਦਾ ਯੋਗਦਾਨ ਵਰਤਮਾਨ ਸਮੇਂ ਦੇ ਸੰਧਰਭ ਵਿਚ", ਜੀ ਐਨ. ਡੀ. ਯੂ. ਅੰਮ੍ਰਿਤਸਰ (ਪੀ. ਐਚ. ਡੀ.) 2015
3. ਕੌਰ, ਪਰਨੀਤ, "ਬੜੂ ਸਾਹਿਬ ਕਾ ਗੁਰਮਤਿ ਸੰਗੀਤ ਮੇਂ ਯੋਗਦਾਨ" ਬਨਸਥਲੀ ਯੂਨੀਵਰਸਿਟੀ (ਪੀ. ਐਚ. ਡੀ.) 2017

- ਖਾਲਸਾ, ਜਸਵੀਰ ਕੌਰ, ਪੁਸ਼ਤੈਨੀ ਕੀਰਤਨੀਏ: ਸਮਾਜਿਕ ਵਿਗਿਆਨ ਪੱਤਰ, ਗੁਰਮਤਿ ਸੰਗੀਤ ਵਿਸ਼ੇਸ਼ ਅੰਕ, ਭਾਗ 51 (ਦਸੰਬਰ, 2003):188
- www.sikhroots.com
- www.gurmatchanan.com
- www.sikhnet.com